ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਜਦੋਂ ਇੱਕ ਵਿਗਿਆਨੀ ਨੂੰ ਕਿਸੇ ਰਹੱਸ ਦਾ ਸਾਹਮਣਾ ਕਰਨਾ ਪੈਂਦੈ ਤਾਂ ਉਸ ਦੇ ਮਨ 'ਚ ਸਿਰਫ਼ ਇੱਕ ਹੀ ਵਿਚਾਰ ਹੁੰਦਾ ਹੈ: "ਜੇ ਮੈਂ ਇਸ ਸਥਿਤੀ ਦੀ ਜਾਂਚ ਕਰਦਾ ਰਹਾਂ ਤਾਂ ਮੈਨੂੰ ਜ਼ਰੂਰ ਕੋਈ ਅਜਿਹੀ ਤਰਕਪੂਰਣ ਵਿਆਖਿਆ ਲੱਭ ਜਾਵੇਗੀ ਜੋ ਇਸ ਨੂੰ ਸਮਝਣ 'ਚ ਮੇਰੀ ਮਦਦ ਕਰੇਗੀ।" ਜਦੋਂ ਕਵੀਆਂ ਜਾਂ ਕਲਾਕਾਰਾਂ ਨੂੰ ਉਸੇ ਚੁਣੌਤੀ ਦਾ ਸਾਹਮਣਾ ਕਰਨਾ ਪੈਂਦੈ ਤਾਂ ਸ਼ਾਇਦ ਉਹ ਉਪ੍ਰੋਕਤ ਵਿਗਿਆਨਕ ਤਰਕ ਦੇ ਬਿਲਕੁਲ ਉਲਟ ਵਿਚਾਰਧਾਰਾ ਅਪਨਾ ਸਕਦੇ ਹਨ। "ਇਸ ਨੂੰ ਹੋਰ ਆਕਰਸ਼ਕ ਕਿਵੇਂ ਬਣਾਇਆ ਜਾਵੇ ? ਵਧੇਰੇ ਪ੍ਰੇਰਨਾਦਾਇਕ ? ਵਧੇਰੇ ਵਿਲੱਖਣ ?" ਆਖਰੀ ਚੀਜ਼ ਜੋ ਉਹ ਕਰਨਾ ਚਾਹੁਣਗੇ, ਉਹ ਹੈ ਉਸ ਸਥਿਤੀ ਵਿਚਲੇ ਰਹੱਸ ਨੂੰ ਖ਼ਤਮ ਕਰਨਾ। ਉਹ ਤਾਂ ਉਸ ਦਾ ਜਸ਼ਨ ਮਨਾਉਣਾ ਚਾਹੁਣਗੇ। ਸ਼ਾਇਦ, ਹੁਣ ਤੁਹਾਡੀ ਨਿੱਜੀ ਜ਼ਿੰਦਗੀ 'ਚ, ਤੁਹਾਨੂੰ ਇੱਕ ਉਲਝਣ ਵਾਲੇ ਮਾਮਲੇ 'ਚ ਵਧੇਰੇ ਕਾਵਿਕ ਪਹੁੰਚ ਅਪਨਾਉਣ ਦੀ ਕੋਸ਼ਿਸ਼ ਕਰਨ ਦੀ ਲੋੜ ਹੈ।

ਹਰ ਰੋਜ਼ ਸਾਨੂੰ ਖਾਣਾ ਪੈਂਦੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਉਸ ਤੋਂ ਇੱਕ ਦਿਨ ਪਹਿਲਾਂ ਕਿੰਨਾ ਸਵਾਦਲਾ ਖਾਣਾ ਖਾਧਾ ਸੀ। ਉਹ ਸਾਰੀ ਪ੍ਰਕਿਰਿਆ ਸਾਨੂੰ ਮੁੜ ਸ਼ੁਰੂ ਕਰਨੀ ਹੀ ਪੈਂਦੀ ਹੈ। ਕੀ ਇਹ ਸਾਡੇ ਸਮੇਂ ਅਤੇ ਸਾਡੀ ਊਰਜਾ ਦੀ ਬਰਬਾਦੀ ਹੈ ? ਬਿਲਕੁਲ ਨਹੀਂ। ਇਹ ਤਾਂ ਸਿਰਫ਼ ਇੱਕ ਕੁਦਰਤੀ ਤਰੀਕਾ ਹੈ ਜਿਸ ਅਨੁਸਾਰ ਸਾਨੂੰ ਕੁੱਝ ਚੀਜ਼ਾਂ ਕਰਨੀਆਂ ਹੀ ਪੈਂਦੀਆਂ ਨੇ। ਕੁੱਝ ਨਾਟਕ ਇੱਕ ਤੋਂ ਵੱਧ ਵਾਰ ਖੇਡਣੇ ਪੈਂਦੇ ਹਨ। ਕੁੱਝ ਅਭਿਆਸਾਂ ਨੂੰ ਦੁਹਰਾਉਣ ਦੀ ਲੋੜ ਹੁੰਦੀ ਹੈ। ਕਿਰਪਾ ਕਰ ਕੇ ਜਿੰਨਾ ਹੋ ਸਕੇ ਮੌਜੂਦਾ ਹਾਲਤ ਨੂੰ ਸਵੀਕਾਰ ਕਰੋ, ਅਤੇ ਹੁਣ ਤੁਹਾਡੀ ਜ਼ਿੰਦਗੀ 'ਚ ਕੀ ਹੋ ਰਿਹਾ ਹੈ ਇਸ ਬਾਰੇ ਬਹੁਤੀ ਚਿੰਤਾ ਨਾ ਕਰੋ। ਤੁਸੀਂ ਦੁਬਾਰਾ ਓਹੀ ਪੁਰਾਣੀ ਚੀਜ਼ ਨਹੀਂ ਦੁਹਰਾ ਰਹੇ। ਤੁਸੀਂ ਇੱਕ ਬਹੁਤ ਵੱਖਰਾ ਕਾਰਜ ਕਰ ਰਹੇ ਹੋ, ਅਤੇ ਇਹ ਤੁਹਾਨੂੰ ਪ੍ਰਗਟਾਵੇ ਦੇ ਇੱਕ ਅਜਿਹੇ ਪਲ ਵੱਲ ਲੈ ਕੇ ਜਾ ਰਿਹੈ ਜੋ ਤੁਹਾਡੇ ਲਈ ਉਹ ਤਬਦੀਲੀ ਲਿਆ ਸਕਦੈ ਜਿਸ ਦੀ ਤੁਹਾਨੂੰ ਇਸ ਵਕਤ ਬਹੁਤ ਸਖ਼ਤ ਜ਼ਰੂਰਤ ਹੈ।

ਅਸੀਂ ਸਾਰੇ ਅੰਧਵਿਸ਼ਵਾਸੀ ਹਾਂ। ਮੇਰੇ ਲਈ ਇਹ ਕਹਿਣਾ ਬਹੁਤ ਸੌਖੈ, ਖ਼ਾਸ ਤੌਰ 'ਤੇ ਇਹ ਦੇਖਦਿਆਂ ਕਿ ਮੈਂ ਕੌਣ ਹਾਂ ਅਤੇ ਮੈਂ ਕਿਸ ਚੀਜ਼ 'ਚ ਵਿਸ਼ਵਾਸ ਰੱਖਦਾਂ, ਪਰ ਸਭ ਤੋਂ ਵੱਧ ਸ਼ੱਕੀ ਲੋਕਾਂ ਦੇ ਮਨਾਂ 'ਚ ਵੀ ਗ਼ੈਰ-ਵਾਜਿਬ ਸਾਂਝਾਂ ਅਤੇ ਅਸੰਭਵ ਉਮੀਦਾਂ ਲਈ ਸਤਿਕਾਰ ਦੀ ਰਹਿੰਦਖੂੰਦ ਹਮੇਸ਼ਾਂ ਹੁੰਦੀ ਹੈ। ਆਖ਼ਿਰਕਾਰ, ਅਸੀਂ ਮਨੁੱਖ ਹਾਂ। ਵਿਸ਼ਵਾਸ ਪ੍ਰਣਾਲੀਆਂ ਨੂੰ ਭਰੋਸੇਮੰਦ ਉਤਸ਼ਾਹ ਨਾਲ ਸਿਰਜਣ (ਜਾਂ ਉਨ੍ਹਾਂ 'ਚ ਵਿਸ਼ਵਾਸ ਰੱਖਣ) ਵੱਲ ਸਾਡਾ ਝੁਕਾਅ ਕੁਦਰਤੀ ਹੈ। ਅਤੇ ਮੈਂ ਇਸ ਸਭ ਦਾ ਜ਼ਿਕਰ ਕਿਓਂ ਕਰ ਰਿਹਾਂ ? ਕਿਉਂਕਿ, ਤੁਹਾਨੂੰ ਦੁਨੀਆਂ ਨੂੰ ਉਸ ਤਰੀਕੇ ਨਾਲ ਦੇਖਣ ਦੀ ਕੋਈ ਲੋੜ ਨਹੀਂ ਜਿਸ ਤਰ੍ਹਾਂ ਦੂਸਰੇ ਇਸ ਨੂੰ ਦੇਖਦੇ ਹਨ। ਦਰਅਸਲ, ਸੋਚ ਦੇ ਪ੍ਰਸਾਰ ਨੂੰ ਰੋਕਣ ਵਾਲੇ ਅਜਿਹੇ ਨਜ਼ਰੀਏ ਤੋਂ ਆਜ਼ਾਦੀ ਪ੍ਰਾਪਤ ਕਰਨਾ ਹੀ ਤੁਹਾਡੀ ਸਫ਼ਲਤਾ ਦਾ ਰਾਜ਼ ਬਣੇਗਾ।

"ਹਜ਼ਾਰਾਂ ਮੀਲਾਂ ਦਾ ਸਫ਼ਰ ਇੱਕ ਪਹਿਲੇ ਕਦਮ ਨਾਲ ਸ਼ੁਰੂ ਹੁੰਦੈ।" ਇਹ ਚੀਨੀ ਦਾਰਸ਼ਨਿਕ ਲਾਓ ਜ਼ੂ ਦੇ ਮਸ਼ਹੂਰ ਕਥਨਾਂ 'ਚੋਂ ਇੱਕ ਹੈ। ਸਾਨੂੰ ਹਮੇਸ਼ਾ ਇਹ ਨਹੀਂ ਪਤਾ ਹੁੰਦਾ ਕਿ ਇੱਕ ਕਦਮ ਸਾਨੂੰ ਕਿੰਨੀ ਦੂਰ ਲੈ ਜਾਵੇਗਾ। ਮਹਾਨ ਕੰਮ ਕਰਨ ਦੀ ਆਪਣੀ ਯੋਗਤਾ 'ਚ ਸਾਨੂੰ ਵਧੇਰੇ ਵਿਸ਼ਵਾਸ ਰੱਖਣਾ ਚਾਹੀਦੈ। ਦ੍ਰਿੜਤਾ ਇੱਕ ਸ਼ਾਨਦਾਰ ਚੀਜ਼ ਹੈ। ਉਸ 'ਚ ਥੋੜ੍ਹੀ ਸਿਆਣਪ ਘੋਲੋ, ਅਤੇ ਤੁਸੀਂ ਬਹੁਤ ਜਲਦ ਇੱਕ ਅਜਿਹੀ ਤਾਕਤ ਬਣ ਜਾਓਗੇ ਜਿਸ ਨੂੰ ਆਸਾਨੀ ਨਾਲ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸ਼ਾਇਦ ਤੁਹਾਨੂੰ ਇੰਝ ਲੱਗਦਾ ਹੋਵੇ ਕਿ ਤੁਸੀਂ ਹਾਲੇ ਬਹੁਤ ਲੰਬਾ ਸਫ਼ਰ ਤੈਅ ਕਰਨਾ ਹੈ, ਪਰ ਇਸ ਸੋਚ ਨੂੰ ਖ਼ੁਦ ਨੂੰ ਡਰਾਉਣ ਨਾ ਦਿਓ। ਬਸ ਇੱਕ ਪੈਰ ਦੂਜੇ ਦੇ ਸਾਹਮਣੇ ਉਸ ਦਿਸ਼ਾ 'ਚ ਰੱਖਦੇ ਜਾਓ ਜਿਸ ਪਾਸੇ ਤੁਸੀਂ ਸੱਚਮੁੱਚ ਜਾਣਾ ਚਾਹੁੰਦੇ ਹੋ।

ਅਸੀਂ ਸੋਚਦੇ ਹਾਂ ਕਿ ਸਾਨੂੰ ਪਤੈ ਇਹ ਦੁਨੀਆਂ ਕਿਵੇਂ ਕੰਮ ਕਰਦੀ ਹੈ। ਅਸੀਂ ਕਲਪਨਾ ਕਰਦੇ ਹਾਂ ਕਿ ਸਾਡਾ ਵਿਗਿਆਨ ਸੰਪੂਰਣ ਹੈ, ਸਾਡਾ ਦਰਸ਼ਨ ਨਿਰਦੋਸ਼ ਹੈ, ਸਾਡੇ ਵਿਸ਼ਵਾਸ ਸਵਾਲਾਂ ਤੋਂ ਪਰੇ ਹਨ, ਅਤੇ ਲੋਕਾਂ ਅਤੇ ਸਥਿਤੀਆਂ ਬਾਰੇ ਸਾਡੀ ਸਮਝ ਤਰੁਟੀ ਰਹਿਤ ਹੈ। ਦਰਅਸਲ, ਸਾਨੂੰ ਹਮੇਸ਼ਾ ਕੁੱਝ ਨਾ ਕੁੱਝ ਸਿੱਖਣ ਦੀ ਲੋੜ ਹੁੰਦੀ ਹੈ। ਪਰ ਜਦੋਂ ਅਸੀਂ ਇਹ ਸੋਚਦੇ ਹਾਂ ਕਿ ਸਾਡੇ ਕੋਲ ਪਹਿਲਾਂ ਹੀ ਸਾਰੇ ਜਵਾਬ ਮੌਜੂਦ ਨੇ ਤਾਂ ਅਸੀਂ ਕੁੱਝ ਵੀ ਨਹੀਂ ਸਿੱਖ ਸਕਦੇ। ਇਸ ਲਈ ਸਾਨੂੰ ਉਨ੍ਹਾਂ ਸਥਿਤੀਆਂ 'ਚ ਧੱਕਿਆ ਜਾਂਦੈ ਜਿੱਥੇ ਸਾਨੂੰ ਸਵਾਲ ਪੁੱਛਣ ਲਈ ਮਜਬੂਰ ਹੋਣਾ ਪੈਂਦਾ ਹੈ। ਤੁਸੀਂ ਸੋਚਦੇ ਹੋ ਕਿ ਤੁਹਾਨੂੰ ਪਤੈ ਕਿ ਕੀ ਗ਼ਲਤ ਹੈ। ਪਰ, ਤੁਹਾਨੂੰ ਹੁਣ ਇਹ ਪਤਾ ਲੱਗਣ ਵਾਲੈ ਕਿ ਕੀ ਬਹੁਤ ਸ਼ਾਨਦਾਰ ਢੰਗ ਨਾਲ ਸਹੀ ਹੈ।

ਅਮਰੀਕੀ ਮਿਊਜ਼ੀਅਮ ਭਾਰਤੀ ਮੰਦਰਾਂ ਤੋਂ ਚੋਰੀ ਹੋਈਆਂ ਤਿੰਨ ਕਾਂਸੀ ਦੀਆਂ ਮੂਰਤੀਆਂ ਦੇਵੇਗਾ ਵਾਪਿਸ

ਨਿਊ ਯੌਰਕ: ਭਾਰਤ ਦੇ ਪ੍ਰਾਚੀਨ ਵਿਰਸੇ ਅਤੇ ਸਭਿਆਚਾਰ ਲਈ ਅਮਰੀਕਾ ਤੋਂ ਇੱਕ ਵੱਡੀ ਅਤੇ ਖ਼ੁਸ਼ੀ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕਾ ਦਾ ਮਸ਼ਹੂਰ ਸਮਿਥਸੋਨੀਅਨ ਨੈਸ਼ਨਲ ਮਿਊਜ਼ੀਅਮ ਔਫ਼ ਏਸ਼ੀਅਨ ਆਰਟ ਭਾਰਤ ਨੂੰ ਤਿੰਨ ਪ੍ਰਾਚੀਨ ਕਾਂਸੀ ਦੀਆਂ ਮੂਰਤੀਆਂ ਵਾਪਿਸ ਕਰਨ ਜਾ ਰਿਹਾ ਹੈ। ਇਹ ਮੂਰਤੀਆਂ ਕਈ ਦਹਾਕੇ ਪਹਿਲਾਂ ਭਾਰਤੀ ਮੰਦਰਾਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਚੋਰੀ ਕਰਕੇ ਅਮਰੀਕਾ ਲਿਜਾਈਆਂ ਗਈਆਂ ਸਨ।

ਡੂੰਘੀ ਜਾਂਚ ਤੋਂ ਬਾਅਦ ਹੋਇਆ ਖ਼ੁਲਾਸਾ: ਮਿਊਜ਼ੀਅਮ ਵਲੋਂ ਜਾਰੀ ਬਿਆਨ ਮੁਤਾਬਿਕ ਇੱਕ ਲੰਬੀ ਜਾਂਚ ਤੋਂ ਬਾਅਦ ਇਹ ਸਾਬਿਤ ਹੋਇਆ ਕਿ ਇਹ ਮੂਰਤੀਆਂ ਭਾਰਤ ਦੇ ਮੰਦਰਾਂ 'ਚੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਹਟਾਈਆਂ ਗਈਆਂ ਸਨ। ਪੁਡੂਚੇਰੀ ਸਥਿਤ ਫ਼ਰਾਂਸੀਸੀ ਸੰਸਥਾ ਦੇ ਫ਼ੋਟੋ ਆਰਕਾਈਵਜ਼, ਅਤੇ ਦੁਨੀਆਂ ਭਰ ਦੇ ਮਾਹਿਰਾਂ ਦੀ ਮਦਦ ਨਾਲ ਇਨ੍ਹਾਂ ਦੇ ਅਸਲ ਸਰੋਤ ਦਾ ਪਤਾ ਲਗਾਇਆ ਗਿਆ ਹੈ।

ਕਿਹੜੀਆਂ ਹਨ ਇਹ ਤਿੰਨ ਇਤਿਹਾਸਕ ਮੂਰਤੀਆਂ ? ਸ਼ਿਵ ਨਟਰਾਜ, ਚੋਲ ਕਾਲ (ਲਗਭਗ 990 ਈਸਵੀ) ਦੀ ਇਹ ਮੂਰਤੀ ਕਲਾ ਦਾ ਬੇਜੋੜ ਨਮੂਨਾ ਹੈ। ਸੋਮਸਕੰਦ ਵੀ ਚੋਲ ਕਾਲ (12ਵੀਂ ਸਦੀ) ਨਾਲ ਸਬੰਧਤ ਹੈ। ਸੰਤ ਸੁੰਦਰਾਰ ਵਿਦ ਪਰਵਈ ਵਿਜੇਨਗਰ ਕਾਲ (16ਵੀਂ ਸਦੀ) ਦੀ ਇੱਕ ਦੁਰਲੱਭ ਮੂਰਤੀ ਹੈ।

ਮਿਊਜ਼ੀਅਮ 'ਚ ਪ੍ਰਦਰਸ਼ਿਤ ਰਹੇਗੀ ਨਟਰਾਜ ਦੀ ਮੂਰਤੀ: ਇੱਕ ਖ਼ਾਸ ਸਮਝੌਤੇ ਤਹਿਤ ਭਾਰਤ ਸਰਕਾਰ ਨੇ ਸ਼ਿਵ ਨਟਰਾਜ ਦੀ ਮੂਰਤੀ ਨੂੰ ਲੰਬੇ ਸਮੇਂ ਦੇ ਕਰਜ਼ੇ 'ਤੇ ਮਿਊਜ਼ੀਅਮ 'ਚ ਰੱਖਣ ਦੀ ਸਹਿਮਤੀ ਦਿੱਤੀ ਹੈ। ਇਸ ਨਾਲ ਦੁਨੀਆਂ ਭਰ ਦੇ ਲੋਕ ਇਨ੍ਹਾਂ ਮੂਰਤੀਆਂ ਦੇ ਇਤਿਹਾਸ, ਇਨ੍ਹਾਂ ਦੀ ਚੋਰੀ ਅਤੇ ਵਾਪਸੀ ਦੀ ਪੂਰੀ ਕਹਾਣੀ ਬਾਰੇ ਜਾਣ ਸਕਣਗੇ। ਇਨ੍ਹਾਂ ਮੂਰਤੀਆਂ ਦੀ ਵਾਪਸੀ ਭਾਰਤੀ ਦੂਤਘਰ ਅਤੇ ਰਾਸ਼ਟਰੀ ਏਸ਼ੀਆਈ ਕਲਾ ਮਿਊਜ਼ੀਅਮ ਦੇ ਸਾਂਝੇ ਯਤਨਾਂ ਸਦਕਾ ਸੰਭਵ ਹੋਈ ਹੈ। ਫ਼ਿਲਹਾਲ ਵਾਪਸੀ ਦੀਆਂ ਪ੍ਰਕਿਰਿਆਵਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

Home Care Workers ਅਤੇ Nanies ਲਈ PR 416-848-3930
Line of Credit Fix Bad Credit Get OSAP Loan 905-965-4644
ਦੰਦ ਲਗਵਾਓ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗਜ਼ (ਖਟਮਲ) ਖ਼ਤਮ 647-688-3944

ਦਲਾਈਲਾਮਾ ਨੇ ਪਹਿਲੀ ਵਾਰ ਜਿੱਤਿਆ Grammy Award

ਲੌਸ ਐਂਜਲਸ: ਦੁਨੀਆਂ ਦੇ ਸਭ ਤੋਂ ਵੱਕਾਰੀ ਸੰਗੀਤ ਪੁਰਸਕਾਰ 68ਵੇਂ ਗ੍ਰੈਮੀ ਐਵਾਰਡਜ਼ 'ਚ ਇਸ ਵਾਰ ਅਧਿਆਤਮਕ ਗੁਰੂ ਦਲਾਈਲਾਮਾ ਨੇ ਇਤਿਹਾਸ ਰਚ ਦਿੱਤਾ ਹੈ। ਐਤਵਾਰ ਨੂੰ ਲੌਸ ਐਂਜਲਸ 'ਚ ਹੋਏ ਸ਼ਾਨਦਾਰ ਸਮਾਗਮ ਦੌਰਾਨ ਦਲਾਈ ਲਾਮਾ ਨੇ ਔਡੀਓ ਬੁੱਕ, ਕਥਾਵਾਚਨ ਅਤੇ ਸਟੋਰੀਟੈੱਲਿੰਗ ਰਿਕਾਰਡਿੰਗ ਸ਼੍ਰੇਣੀ 'ਚ ਆਪਣਾ ਪਹਿਲਾ ਗ੍ਰੈਮੀ ਪੁਰਸਕਾਰ ਜਿੱਤਿਆ। ਉਨ੍ਹਾਂ ਨੇ ਇਸ ਦੌੜ 'ਚ ਅਮਰੀਕੀ ਸੁਪਰੀਮ ਕੋਰਟ ਦੀ ਜੱਜ ਕੇਤਨਜੀ ਬ੍ਰਾਊਨ ਜੈਕਸਨ ਨੂੰ ਪਿੱਛੇ ਛੱਡਦਿਆਂ ਇਹ ਮਾਣ ਹਾਸਿਲ ਕੀਤਾ।

ਇਸ ਵਾਰ ਦਾ ਗ੍ਰੈਮੀ ਸਮਾਗਮ ਦਿੱਗਜ ਫ਼ਿਲਮ ਨਿਰਦੇਸ਼ਕ ਸਟੀਵਨ ਸਪੀਲਬਰਗ ਲਈ ਵੀ ਬੇਹੱਦ ਖ਼ਾਸ ਰਿਹਾ। ਉਨ੍ਹਾਂ ਦੀ ਸੰਗੀਤ ਫ਼ਿਲਮ ਮਿਊਜ਼ਿਕ ਫ਼ੌਰ ਜੌਨ ਵਿਲੀਅਮਜ਼ ਨੇ ਸਰਵੋਤਮ ਸੰਗੀਤ ਫ਼ਿਲਮ ਦਾ ਪੁਰਸਕਾਰ ਜਿੱਤਿਆ। ਇਸ ਜਿੱਤ ਨਾਲ ਸਪੀਲਬਰਗ ਹੁਣ ਅਧਿਕਾਰਿਕ ਤੌਰ 'ਤੇ **EGOT** (ਐਮੀ, ਗ੍ਰੈਮੀ, ਔਸਕਰ ਅਤੇ ਟੋਨੀ ਐਵਾਰਡ ਜੇਤੂ) ਕਲੱਬ 'ਚ ਸ਼ਾਮਿਲ ਹੋ ਗਏ ਹਨ। ਸੰਗੀਤ ਜਗਤ 'ਚ ਤੇਜ਼ੀ ਨਾਲ ਉੱਭਰ ਰਹੇ ਕੇ-ਪੌਪ ਨੇ ਵੀ ਇਸ ਵਾਰ ਗ੍ਰੈਮੀ 'ਚ ਆਪਣੀ ਮੌਜੂਦਗੀ ਦਰਜ ਕਰਵਾਈ। ਫ਼ਿਲਮ ਕੇ-ਪੌਪ ਡੈਮਨ ਹੰਟਰਜ਼ ਦੇ ਗੀਤ ਗੋਲਡਨ ਨੇ ਵਿਯੁਅਲ ਮੀਡੀਆ ਲਈ ਸਰਵੋਤਮ ਗੀਤ ਦਾ ਪੁਰਸਕਾਰ ਜਿੱਤਿਆ। ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਕੇ-ਪੌਪ ਕਲਾਕਾਰ ਜਾਂ ਗਰੁੱਪ ਨੇ ਗ੍ਰੈਮੀ ਆਪਣੇ ਨਾਮ ਕੀਤਾ ਹੈ।

ਪੀਕੌਕ ਥੀਏਟਰ 'ਚ ਹੋਏ ਇਸ ਸਮਾਗਮ ਦੌਰਾਨ ਸਿਆਸੀ ਰੰਗ ਵੀ ਦੇਖਣ ਨੂੰ ਮਿਲਿਆ। ਕਈ ਕਲਾਕਾਰਾਂ ਨੇ ਰਾਸ਼ਟਰਪਤੀ ਡੌਨਲਡ ਟਰੰਪ ਦੀ ਇੰਮੀਗ੍ਰੇਸ਼ਨ ਨੀਤੀ (ਪ੍ਰਵਾਸ ਨੀਤੀ) ਦੀ ਖੁੱਲ੍ਹ ਕੇ ਨਿਖੇਧੀ ਕੀਤੀ। ਗਾਇਕ ਸ਼ਾਬੂਜੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਪ੍ਰਵਾਸੀਆਂ ਨੇ ਹੀ ਇਸ ਦੇਸ਼ (ਅਮਰੀਕਾ) ਨੂੰ ਬਣਾਇਆ ਹੈ।

ਲੀਗਲ ਸੇਵਾਵਾਂ 905-913-2355
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਵਕੀਲ ਦੀ ਲੋੜ ? 905-362-0755
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਮਰਦਾਨਾ ਕਮਜ਼ੋਰੀ 416-992-5489